**ਅਗਸਤ 2022**

MELBOURNE AIRPORT

# ਭਾਈਚਾਰਕ ਖਬਰਨਾਮਾ (ਨਿਊਜ਼ਲੈਟਰ) 1



ਮੈਲਬੌਰਨ ਹਵਾਈ ਅੱਡੇ ਦੇ ਤੀਜੇ ਰਨਵੇਅ ਦੀ ਵਿਕਾਸ ਯੋਜਨਾ

**ਸਾਡੇ ਔਪਰੇਸ਼ਨਾਂ ਅਤੇ ਪ੍ਰੋਜੈਕਟਾਂ, ਰਨਵੇਅ ਯੋਜਨਾਵਾਂ ਅਤੇ ਹੋਰ ਸਬੰਧਿਤ ਖ਼ਬਰਾਂ ਬਾਰੇ ਤੁਹਾਨੂੰ ਸੂਚਿਤ ਕਰੀ ਰੱਖਣ ਲਈ ਮੈਲਬੌਰਨ ਹਵਾਈ ਅੱਡੇ ਦੇ ਭਾਈਚਾਰਕ ਖਬਰਨਾਮੇ (ਨਿਊਜ਼ਲੈਟਰ) ਦੇ ਪਹਿਲੇ ਸੰਸਕਰਣ ਵਿੱਚ ਤੁਹਾਡਾ ਸਵਾਗਤ ਹੈ।**

ਮੈਲਬੌਰਨ ਹਵਾਈ ਅੱਡਾ ਆਸਟ੍ਰੇਲੀਆ ਦੇ ਅੰਤਰਰਾਸ਼ਟਰੀ ਅਤੇ ਘਰੇਲੂ ਨੈੱਟਵਰਕਾਂ ਲਈ ਇੱਕ ਮਹੱਤਵਪੂਰਨ ਕੇਂਦਰ ਹੈ ਅਤੇ ਵਰਤਮਾਨ ਸਮੇਂ ਇੱਕ ਨਵੀਂ ਉੱਤਰ-ਦੱਖਣੀ ਪਟੜੀ (ਰਨਵੇਅ) ਬਣਾਉਣ ਲਈ ਕੇਂਦਰੀ ਸਰਕਾਰ ਦੀ ਮਨਜ਼ੂਰੀ ਦੀ ਮੰਗ ਕਰ ਰਿਹਾ ਹੈ, ਜਿਸ ਦੇ ਨਤੀਜੇ ਵਜੋਂ ਮੈਲਬੌਰਨ ਦੇ ਆਲੇ-ਦੁਆਲੇ ਉਡਾਣ ਵਾਲੇ ਰਸਤਿਆਂ ਵਿੱਚ ਤਬਦੀਲੀਆਂ ਹੋਣਗੀਆਂ। ਇਹ ਮਹੱਤਵਪੂਰਨ ਹੈ ਕਿ ਜੋ ਕੁਝ ਵੀ ਵਾਪਰ ਰਿਹਾ ਹੈ, ਉਸ ਬਾਰੇ ਅਸੀਂ ਤੁਹਾਨੂੰ ਤਾਜ਼ਾ ਜਾਣਕਾਰੀ ਦਿੰਦੇ ਰਹੀਏ ਅਤੇ ਅਸੀਂ ਸੁਣਨਾ ਜਾਰੀ ਰੱਖੀਏ ਕਿ ਤੁਹਾਡੇ ਵਾਸਤੇ ਕੀ ਮਹੱਤਵਪੂਰਨ ਹੈ।

## ਮਾਸਟਰ ਪਲਾਨ ਦਾ ਮੁੱਢਲਾ ਖਰੜਾ ਅਤੇ ਤੀਜੇ ਰਨਵੇਅ ਮੇਜਰ ਡਿਵੈਲਪਮੈਂਟ ਪਲਾਨ ਦਾ ਮੁੱਢਲਾ ਖਰੜਾ **ਜਨਤਕ ਪ੍ਰਦਰਸ਼ਨੀ ਅਤੇ ਸਲਾਹ-ਮਸ਼ਵਰੇ ਲਈ**

ਮਾਸਟਰ ਪਲਾਨ ਦੇ ਮੁੱਢਲੇ ਖਰੜੇ ਅਤੇ ਤੀਜੇ ਰਨਵੇਅ ਮੇਜਰ ਡਿਵੈਲਪਮੈਂਟ ਪਲਾਨ ਦੇ ਮੁੱਢਲੇ ਖਰੜੇ ਦੀ ਜਨਤਕ ਪ੍ਰਦਰਸ਼ਨੀ ਅਤੇ ਸਲਾਹ-ਮਸ਼ਵਰੇ ਵਿੱਚ ਹਿੱਸਾ ਲੈਣ ਵਾਲੇ ਹਰੇਕ ਵਿਅਕਤੀ ਦਾ ਧੰਨਵਾਦ। ਹਿੱਸਾ ਲੈਣ ਲਈ ਸਮਾਂ ਕੱਢਣ ਵਾਸਤੇ, ਅਤੇ ਵਾਪਸੀ ਸਲਾਹ ਪ੍ਰਦਾਨ ਕਰਵਾਉਣ ਵਾਸਤੇ ਅਤੇ ਸਵਾਲ ਪੁੱਛਣ ਵਾਸਤੇ ਅਸੀਂ ਤੁਹਾਡੀ ਸ਼ਲਾਘਾ ਕਰਦੇ ਹਾਂ। ਸਾਨੂੰ ਲਗਭਗ 3000 ਸਪੁਰਦਗੀਆਂ ਪ੍ਰਾਪਤ ਹੋਈਆਂ। ਟੀਮ ਹੁਣ ਉਠਾਏ ਗਏ ਮੁੱਦਿਆਂ ਅਤੇ ਸ਼ੰਕਿਆਂ ਉਪਰ ਕੰਮ ਕਰ ਰਹੀ ਹੈ ਅਤੇ ਜਿੱਥੇ ਵੀ ਸੰਭਵ ਹੋਵੇ ਯੋਜਨਾਵਾਂ ਦੇ ਖਰੜਿਆਂ ਵਿੱਚ ਤਬਦੀਲੀਆਂ ਕਰ ਰਹੀ ਹੈ।

ਸਲਾਹ-ਮਸ਼ਵਰੇ ਦੇ 104 ਦਿਨਾਂ ਦੌਰਾਨ, ਟੀਮ ਨੇ ਭਾਈਚਾਰਿਆਂ ਵਿੱਚ 50 ਤੋਂ ਵਧੇਰੇ ਆਹਮਣੇ-ਸਾਹਮਣੇ ਦੇ ਜਾਣਕਾਰੀ ਸੈਸ਼ਨਾਂ ਦੀ ਮੇਜ਼ਬਾਨੀ ਕੀਤੀ ਜਿੰਨ੍ਹਾਂ ਵਿੱਚ ਸ਼ਾਮਲ ਸਨ ਕੀਲਰ, ਸਨਬਰੀ, ਫੁੱਟਸਕਰੇਅ, ਅਲਟੋਨਾ, ਬੁੱਲ੍ਹਾ, ਟੇਲਰਜ਼ ਲੇਕਸ ਅਤੇ ਸਨਸ਼ਾਈਨ, ਅਤੇ ਨਾਲ ਹੀ ਨਾਲ ਕਈ ਸਾਰੇ ਔਨਲਾਈਨ ਸੈਸ਼ਨ।



ਅਲਟੋਨਾ ਦੇ ਭਾਈਚਾਰੇ ਨਾਲ ਗੱਲ ਕਰਨਾ

ਸਾਡੇ ਜਨਤਕ ਪ੍ਰਦਰਸ਼ਨੀ ਦੇ ਔਨਲਾਈਨ ਇਨਗੇਜਮੈਂਟ ਪੋਰਟਲ 'ਤੇ ਹਜ਼ਾਰਾਂ ਲੋਕਾਂ ਨੇ ਹਿੱਸਾ ਲਿਆ ਸੀ ਅਤੇ 61 ਸਥਾਨਕ ਕੌਂਸਲਾਂ, ਸੰਸਦ ਮੈਂਬਰਾਂ ਅਤੇ ਸਰਕਾਰੀ ਸੰਸਥਾਵਾਂ ਨਾਲ ਸਾਂਝ ਪਾਉਣ ਦੀ ਮੇਜ਼ਬਾਨੀ ਕੀਤੀ ਗਈ ਸੀ।

ਅਸੀਂ ਜਾਣਕਾਰੀ ਨੂੰ ਸੱਤ ਭਾਸ਼ਾਵਾਂ ਵਿੱਚ ਅਨੁਵਾਦ ਕੀਤਾ, ਭਾਈਚਾਰੇ ਦੁਆਰਾ ਦਿੱਤੀਆਂ ਸਲਾਹਾਂ ਦੇ ਜਵਾਬ ਵਿੱਚ ਵਾਧੂ ਸਮਾਗਮ ਅਤੇ ਪੇਸ਼ਕਾਰੀਆਂ ਸ਼ਾਮਲ ਕੀਤੀਆਂ, ਅਤੇ ਹਜ਼ਾਰਾਂ ਸਵਾਲਾਂ ਦੇ ਜਵਾਬ ਦਿੱਤੇ।

ਮਾਸਟਰ ਪਲਾਨ ਦੇ ਮੁੱਢਲੇ ਖਰੜੇ ਨੇ ਹਵਾਈ ਅੱਡੇ ਦੇ ਭਵਿੱਖ ਦੇ ਵਿਕਾਸ ਦੀ ਰੂਪ-ਰੇਖਾ ਪੇਸ਼ ਕੀਤੀ, ਜਦੋਂ ਕਿ ਤੀਜੇ ਰਨਵੇਅ ਦੇ ਮੁੱਢਲੇ ਖਰੜੇ ਦੇ ਮੇਜਰ ਡਿਵੈਲਪਮੈਂਟ ਪਲਾਨ ਨੇ ਪ੍ਰਸਤਾਵਿਤ ਤੀਜੇ ਰਨਵੇਅ ਦੀ ਸੰਖੇਪ ਜਾਣਕਾਰੀ ਪੇਸ਼ ਕੀਤੀ। ਮੈਲਬੌਰਨ ਹਵਾਈ ਅੱਡਾ ਰਾਸ਼ਟਰਮੰਡਲ ਦੀ ਜ਼ਮੀਨ 'ਤੇ ਸਥਿਤ ਹੈ ਅਤੇ ਏਅਰਪੋਰਟਸ ਐਕਟ (1996) ਦੇ ਅਧੀਨ ਰਾਸ਼ਟਰਮੰਡਲ ਦੇ ਕਾਨੂੰਨ ਦੇ ਅਧੀਨ ਹੈ। ਆਸਟ੍ਰੇਲੀਆ ਪੈਸੀਫਿਕ ਏਅਰਪੋਰਟਸ, ਮੈਲਬੌਰਨ ਹਵਾਈ ਅੱਡੇ ਨੂੰ ਕੇਂਦਰੀ ਸਰਕਾਰ ਤੋਂ ਠੇਕੇ 'ਤੇ ਲੈ ਕੇ ਚਲਾਉਂਦੇ ਹਨ।

# ਮਾਸਟਰ ਪਲਾਨ **ਦੇ ਖਰੜੇ** ਅਤੇ ਤੀਜੇ ਰਨਵੇਅ ਮੇਜਰ ਡਿਵੈਲਪਮੈਂਟ ਪਲਾਨ **ਦੇ ਖਰੜੇ** ਲਈ ਪ੍ਰਵਾਨਗੀ ਪ੍ਰਕਿਰਿਆ

ਜਨਤਕ ਪ੍ਰਦਰਸ਼ਨੀ ਦੀ ਮਿਆਦ ਖਤਮ ਹੋਣ ਦੇ ਨਾਲ, ਸਾਡਾ ਕੰਮ ਪ੍ਰਾਪਤ ਹੋਈਆਂ ਸਾਰੀਆਂ ਸਪੁਰਦਗੀਆਂ ਨੂੰ ਧਿਆਨ ਵਿੱਚ ਰੱਖਦੇ ਹੋਏ ਅਤੇ ਮਾਸਟਰ ਪਲਾਨ ਦੇ ਮੁੱਢਲੇ ਖਰੜੇ ਅਤੇ ਤੀਜੇ ਰਨਵੇਅ ਮੇਜਰ ਡਿਵੈਲਪਮੈਂਟ ਪਲਾਨ ਦੇ ਮੁੱਢਲੇ ਖਰੜੇ ਨੂੰ ਸੁਧਾਰਨ ਵੱਲ ਤਬਦੀਲ ਹੋ ਗਿਆ ਹੈ। ਜਿੱਥੇ ਸੰਭਵ ਹੋਇਆ, ਭਾਈਚਾਰੇ ਦੇ ਸ਼ੰਕਿਆਂ ਜਾਂ ਦਿਲਚਸਪੀ ਦੇ ਖੇਤਰਾਂ ਨੂੰ ਹੱਲ ਕਰਨ ਲਈ ਤਬਦੀਲੀਆਂ ਕੀਤੀਆਂ ਜਾਣਗੀਆਂ। ਇੱਕ ਵਾਰ ਨਵਿਆਏ ਜਾਣ ਤੋਂ ਬਾਅਦ, ਅਸੀਂ ਯੋਜਨਾਵਾਂ ਅਤੇ ਨਾਲ ਨੱਥੀ ਪੂਰਕ ਰਿਪੋਰਟ, ਜਿਸ ਵਿੱਚ ਜਨਤਕ ਪ੍ਰਦਰਸ਼ਨੀ ਸਲਾਹ-ਮਸ਼ਵਰੇ ਦੌਰਾਨ ਪ੍ਰਾਪਤ ਹੋਈਆਂ ਸਾਰੀਆਂ ਸਪੁਰਦਗੀਆਂ ਸ਼ਾਮਲ ਹੋਣਗੀਆਂ, ਨੂੰ ਵਿਚਾਰ ਕਰਨ ਲਈ ਬੁਨਿਆਦੀ ਢਾਂਚਾ, ਟ੍ਰਾਂਸਪੋਰਟ, ਖੇਤਰੀ ਵਿਕਾਸ ਦੇ ਕੇਂਦਰੀ ਮੰਤਰੀ ਅਤੇ ਸਥਾਨਕ ਸਰਕਾਰ ਨੂੰ ਸੌਂਪ ਦੇਵਾਂਗੇ।

## ਕਾਰਵਾਈ ਦਾ ਸੰਖੇਪ*

- ਮਾਸਟਰ ਪਲਾਨ (MP) ਦੇ ਖਰੜੇ ਅਤੇ ਮੇਜਰ ਡਿਵੈਲਪਮੈਂਟ ਪਲਾਨ (MDP) ਦੇ ਖਰੜੇ 'ਤੇ ਜਾਂਚ; ਭਾਈਚਾਰੇ ਵੱਲੋਂ ਪ੍ਰਦਾਨ ਕੀਤੀ ਗਈ ਸਲਾਹ — 2019-2021
- MP ਅਤੇ MDP ਦੇ ਖਰੜਿਆਂ ਦੀ ਜਨਤਕ ਪ੍ਰਦਰਸ਼ਨੀ ਸਲਾਹ-ਦਾ ਮਸ਼ਵਰਾ — ਫਰਵਰੀ- ਮਈ 2022
- MP ਅਤੇ MDP ਦੇ ਖਰੜਿਆਂ ਨੂੰ ਸੋਧਣ ਅਤੇ ਅੰਤਿਮ ਰੂਪ ਦੇਣ ਲਈ ਸਪੁਰਦਗੀਆਂ ਵੱਲ ਉਚਿਤ ਧਿਆਨ ਦੇਣਾ — ਮਈ- ਸਤੰਬਰ 2022
- MP ਦੇ ਖਰੜੇ ਨੂੰ ਮੰਤਰੀ ਨੂੰ ਸਪੁਰਦ ਕਰਨਾ — ਸਤੰਬਰ 2022
- MP ਦੇ ਖਰੜੇ ਬਾਰੇ ਮੰਤਰੀ ਦਾ ਫੈਸਲਾ — 2022 ਦੇ ਅਖੀਰ ਵਿੱਚ
- ਮੰਤਰੀ ਨੂੰ ਮੈਲਬੌਰਨ ਦੇ ਤੀਜੇ ਰਨਵੇਅ ਲਈ MDP ਦਾ ਖਰੜਾ ਸਪੁਰਦ ਕਰਨਾ — 2022 ਦੇ ਅਖੀਰ ਵਿੱਚ
- ਮੈਲਬੌਰਨ ਦੇ ਤੀਜੇ ਰਨਵੇਅ MDP ਬਾਰੇ ਮੰਤਰੀ ਦਾ ਫੈਸਲਾ — 2023 ਦਾ ਪਹਿਲਾ ਅੱਧ
- ਮੈਲਬੌਰਨ ਦੇ ਤੀਜੇ ਰਨਵੇਅ ਵਾਸਤੇ ਵੇਰਵੇ ਵਾਲੇ ਡਿਜ਼ਾਈਨ ਅਤੇ ਉਸਾਰੀ ਵਾਸਤੇ ਯੋਜਨਾ, ਜਿਸ ਵਿੱਚ ਹਵਾਈ ਖੇਤਰ ਅਤੇ ਉਡਾਣ ਦੇ ਰਸਤਿਆਂ ਦਾ ਵੇਰਵੇ ਵਾਲਾ ਡਿਜ਼ਾਈਨ ਵੀ ਸ਼ਾਮਲ ਹੈ — 2023
- 4-5 ਸਾਲਾਂ ਵਿੱਚ ਨਵੇਂ ਰਨਵੇਅ ਦਾ ਨਿਰਮਾਣ — 2024
- ਨਵਾਂ ਉੱਤਰ-ਦੱਖਣ ਰਨਵੇਅ ਚਾਲੂ — 2028-2030

*ਸਮਾਂ-ਸੀਮਾ ਮਨਜ਼ੂਰੀਆਂ ਦੇ ਅਧੀਨ

## ਜਨਤਕ ਪ੍ਰਦਰਸ਼ਨੀ ਦੇ ਸਲਾਹ-ਮਸ਼ਵਰੇ ਤੋਂ ਉੱਭਰ ਰਹੇ ਵਿਸ਼ੇ

ਲੋਕਾਂ ਨੇ ਜਨਤਕ ਪ੍ਰਦਰਸ਼ਨੀ ਦੌਰਾਨ ਵੱਖ-ਵੱਖ ਮੁੱਦਿਆਂ ਬਾਰੇ ਗੱਲ ਕੀਤੀ।

| | | | |
|---|---|---|---|
| • ਜਾਇਦਾਦਾਂ ਦੀਆਂ ਕੀਮਤਾਂ | • ਭਾਈਚਾਰਕ ਪ੍ਰਭਾਵ<br>• ਮਨਜ਼ੂਰੀ ਦੀ ਕਾਰਵਾਈ | • ਆਰਥਿਕ ਮੌਕਾ<br>• ਸਥਾਨਕ ਰੁਜ਼ਗਾਰ | • ਮਹਾਂਮਾਰੀ ਤੋਂ ਬਾਅਦ ਤਰੱਕੀ<br>• ਯਾਤਰਾ ਦੇ ਵਿਵਹਾਰ ਵਿੱਚ ਸਥਾਈ ਤਬਦੀਲੀਆਂ |
| • ਨਿਕਾਸ ਅਤੇ ਜਲਵਾਯੂ ਪਰਿਵਰਤਨ<br>• ਈਂਧਨ ਨੂੰ ਸੁੱਟਣਾ ਅਤੇ ਪ੍ਰਦੂਸ਼ਣ | • ਸ਼ੋਰ ਦਾ ਪ੍ਰਭਾਵ<br>• ਜੀਵਨ ਦੀ ਗੁਣਵੱਤਾ ਅਤੇ ਸਿਹਤ | • ਸੁਰੱਖਿਆ<br>• ਐਵਾਲੋਨ ਜਾਂ ਦੱਖਣ-ਪੂਰਬੀ ਕਿਉਂ ਨਹੀਂ? | • ਹਵਾਈ ਅੱਡੇ ਨੂੰ ਰੇਲ<br>• ਲੰਮੇ ਸਮੇਂ ਦੀ ਵਿਉਂਤਬੰਦੀ |

## ਕੀ ਕਦੇ ਹਵਾਬਾਜ਼ੀ ਵਿੱਚ ਨੌਕਰੀ ਕਰਨ ਬਾਰੇ ਸੋਚਿਆ ਹੈ?

ਮੈਲਬੌਰਨ ਹਵਾਈ ਅੱਡੇ 'ਤੇ ਕਰਮਚਾਰੀਆਂ ਦੀ ਭਾਰੀ ਮੰਗ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਕਿਉਂਕਿ ਯਾਤਰੀ ਹਵਾਈ ਸਫ਼ਰ ਕਰਨ ਲਈ ਵਾਪਸ ਆ ਰਹੇ ਹਨ, ਜਿਵੇਂ ਕਿ ਦੁਨੀਆਂ ਭਰ ਦੇ ਹਵਾਈ ਅੱਡਿਆਂ ਅਤੇ ਏਅਰਲਾਈਨਾਂ ਵਿੱਚ ਹੋ ਰਿਹਾ ਹੈ। ਇਸ ਦੇ ਨਾਲ ਹੀ ਸਾਰੇ ਹਵਾਈ ਅੱਡੇ ਵਿੱਚ ਬਹੁਤ ਸਾਰੀਆਂ ਅਸਾਮੀਆਂ ਨੂੰ ਭਰਨ ਦੀ ਲੋੜ ਪੈਂਦੀ ਹੈ। ਮੈਲਬੌਰਨ ਹਵਾਈ ਅੱਡੇ ਦੇ ਅਹਾਤੇ ਦੇ ਅੰਦਰ ਨੌਕਰੀ ਦੀਆਂ ਵਰਤਮਾਨ ਅਸਾਮੀਆਂ ਦੀ ਸੂਚੀ ਵਾਸਤੇ QR ਕੋਡ ਨੂੰ ਸਕੈਨ ਕਰੋ।





# ਮੈਲਬੌਰਨ ਹਵਾਈ ਅੱਡਾ
## ਭਾਈਚਾਰਕ ਗ੍ਰਾਂਟਾਂ

ਮੈਲਬੌਰਨ ਦੇ ਉੱਤਰ ਅਤੇ ਪੱਛਮ ਵਿਚਲੇ ਭਾਈਚਾਰਿਆਂ ਨੂੰ ਸਹਾਇਤਾ ਦੀ ਪੇਸ਼ਕਸ਼ ਕਰਨ ਵਾਲੇ ਦਸ ਭਾਈਚਾਰਕ ਕੇਂਦਰ ਅਤੇ ਗੁਆਂਢੀ ਘਰ (ਨੇਬਰਹੁੱਡ ਹਾਊਸਜ਼) ਮੈਲਬੌਰਨ ਹਵਾਈ ਅੱਡੇ ਦੇ 2022 ਦੇ ਭਾਈਚਾਰਕ ਗਰਾਂਟਾਂ ਦੇ ਪ੍ਰੋਗਰਾਮ ਰਾਹੀਂ $100,000 ਤੋਂ ਵਧੇਰੇ ਰਕਮ ਸਾਂਝੀ ਕਰਨਗੇ। 2019 ਵਿੱਚ ਸਥਾਪਤ ਕੀਤੀਆਂ ਗਈਆਂ, ਭਾਈਚਾਰਕ ਗਰਾਂਟਾਂ ਹਵਾਈ ਅੱਡੇ ਦੇ ਨੇੜੇ ਸਾਡੇ ਭਾਈਚਾਰਿਆਂ ਦੀ ਸਹਾਇਤਾ ਕਰਨ ਦੇ ਸਾਡੇ ਵਾਅਦੇ ਦੇ ਹਿੱਸੇ ਵਜੋਂ ਸਿੱਖਿਆ ਅਤੇ ਰੁਜ਼ਗਾਰ ਦੇ ਰਸਤਿਆਂ ਦੇ ਪ੍ਰੋਜੈਕਟਾਂ ਨੂੰ ਚੱਲਣ ਯੋਗ ਬਣਾਉਂਦੀਆਂ ਹਨ।

ਅਗਸਤ 2022 ਵਿੱਚ 10,000 ਡਾਲਰ ਦੀਆਂ ਗ੍ਰਾਂਟਾਂ ਗੁਆਂਢ ਦੇ ਦਸ ਘਰਾਂ (ਨੇਬਰਹੁੱਡ ਹਾਊਸਜ਼) ਨੂੰ ਦਿੱਤੀਆਂ ਜਾ ਰਹੀਆਂ ਹਨ।



### ਜੂਨ 2022 ਵਾਸਤੇ ਯਾਤਰੀਆਂ ਦੀ ਗਿਣਤੀ

ਕੁੱਲ ਯਾਤਰੀ (ਲਾਂਘੇ ਵਾਲਿਆਂ ਨੂੰ ਛੱਡ ਕੇ)

**2,307,261**

↑ 556% ਜੂਨ 2021 ਦੀ ਤੁਲਨਾ ਵਿੱਚ

ਘਰੇਲੂ ਯਾਤਰੀ

**1,842,335**

↑ 465% ਜੂਨ 2021 ਦੀ ਤੁਲਨਾ ਵਿੱਚ

ਅੰਤਰਰਾਸ਼ਟਰੀ ਯਾਤਰੀ

**464,926**

↑ 1714% ਜੂਨ 2021 ਦੀ ਤੁਲਨਾ ਵਿੱਚ

### ਵਿੱਤੀ ਵਰ੍ਹੇ 2021/22 ਵਾਸਤੇ ਯਾਤਰੀਆਂ ਦੀ ਗਿਣਤੀ

ਕੁੱਲ ਯਾਤਰੀ (ਲਾਂਘੇ ਵਾਲਿਆਂ ਨੂੰ ਛੱਡ ਕੇ)

**12,936,947**

(37,395,992 ਵਿੱਤੀ ਸਾਲ 2018/19 ਲਈ ਕੁੱਲ ਯਾਤਰੀ)

↓ 65% ਵਿੱਤੀ ਸਾਲ 2018/19

↑ 110% ਵਿੱਤੀ ਸਾਲ 2020/21

ਘਰੇਲੂ ਯਾਤਰੀ

**11,010,281**

(25,954,321 ਵਿੱਤੀ ਸਾਲ 2018/19 ਲਈ ਕੁੱਲ ਯਾਤਰੀ)

↓ 58% ਵਿੱਤੀ ਸਾਲ 2018/19

↑ 85% ਵਿੱਤੀ ਸਾਲ 2020/21

ਅੰਤਰਰਾਸ਼ਟਰੀ ਯਾਤਰੀ

**1,926,666**

(11,441,671 ਵਿੱਤੀ ਸਾਲ 2018/19 ਲਈ ਕੁੱਲ ਯਾਤਰੀ)

↓ 83% ਵਿੱਤੀ ਸਾਲ 2018/19

↑ 736% ਵਿੱਤੀ ਸਾਲ 2020/21

# ਸ਼ੋਰ

ਮੈਲਬੌਰਨ ਹਵਾਈ ਅੱਡਾ ਵਿਕਟੋਰੀਆ ਦਾ ਮੁੱਖ ਪ੍ਰਵੇਸ਼ ਦੁਆਰ ਹੈ ਅਤੇ ਰਾਜ ਦੀ ਆਰਥਿਕਤਾ ਵਿੱਚ ਇੱਕ ਅਹਿਮ ਯੋਗਦਾਨ ਪਾਉਣ ਵਾਲਾ ਹੈ। ਕਈ ਕਿਸਮ ਦੇ ਕਾਨੂੰਨ, ਯੋਜਨਾਬੰਦੀ ਕੰਟਰੋਲ ਅਤੇ ਇਸ ਨੂੰ ਘੱਟ ਕਰਨ ਦੀਆਂ ਰਣਨੀਤੀਆਂ ਭਾਈਚਾਰੇ ਵਿੱਚ ਸ਼ੋਰ ਦੇ ਪ੍ਰਭਾਵਾਂ ਨਾਲ ਹਵਾਈ ਅੱਡੇ ਦੇ ਆਰਥਿਕ ਅਤੇ ਸਮਾਜਕ ਲਾਭਾਂ ਵਿੱਚ ਸੰਤੁਲਨ ਬਣਾਉਣ ਵਿੱਚ ਮਦਦ ਕਰਦੀਆਂ ਹਨ।

ਮੈਲਬੌਰਨ ਹਵਾਈ ਅੱਡੇ ਦੀ ਜਗ੍ਹਾ ਨੂੰ ਸ਼ਹਿਰੀ ਖੇਤਰਾਂ ਉਪਰ ਜਹਾਜ਼ਾਂ ਦੇ ਸ਼ੋਰ ਦੇ ਪ੍ਰਭਾਵ ਨੂੰ ਘੱਟ ਕਰਨ ਲਈ ਚੁਣਿਆ ਗਿਆ ਸੀ, ਪਰ ਸਮੇਂ ਦੇ ਨਾਲ, ਰਿਹਾਇਸ਼ੀ ਵਿਕਾਸ ਨੂੰ ਹਵਾਈ ਅੱਡੇ ਅਤੇ ਇਸ ਦੇ ਉਡਾਣ ਵਾਲੇ ਰਸਤਿਆਂ ਉਪਰ ਕਬਜ਼ੇ ਕਰਨ ਦੀ ਆਗਿਆ ਦਿੱਤੀ ਗਈ ਹੈ। ਆਧੁਨਿਕ ਜੈੱਟ ਇੰਜਣਾਂ ਵਿੱਚ ਸੁਧਾਰ ਦੇ ਬਾਵਜੂਦ, ਹਵਾਈ ਜਹਾਜ਼ਾਂ ਦਾ ਸ਼ੋਰ ਹਵਾਈ ਅੱਡੇ ਦੇ ਸੰਚਾਲਨ ਦੀ ਇੱਕ ਅਟੱਲ ਮੁਸ਼ਕਿਲ ਬਣਿਆ ਹੋਇਆ ਹੈ।

ਜਨਤਕ ਪ੍ਰਦਰਸ਼ਨੀ ਦੇ ਸਲਾਹ-ਮਸ਼ਵਰੇ ਦੌਰਾਨ, ਅਸੀਂ ਉਹਨਾਂ ਚੁਣੌਤੀਆਂ ਬਾਰੇ ਸੁਣਿਆ ਹੈ ਜਿੰਨ੍ਹਾਂ ਦਾ ਸਾਹਮਣਾ ਭਾਈਚਾਰੇ ਨੂੰ ਉਡਾਣ ਵਾਲੇ ਰਸਤਿਆਂ ਦੇ ਆਲੇ-ਦੁਆਲੇ ਕਰਨਾ ਪੈਂਦਾ ਹੈ, ਅਤੇ ਸ਼ੋਰ ਅਤੇ ਹਵਾ ਦੀ ਗੁਣਵੱਤਾ ਦੇ ਨਿਗਰਾਨਾਂ ਦੀ ਲੋੜ ਬਾਰੇ ਸੁਣਿਆ ਹੈ। ਮੈਲਬੌਰਨ ਹਵਾਈ ਅੱਡੇ 'ਤੇ ਪਹਿਲਾਂ ਹੀ ਹਵਾ ਦੀ ਗੁਣਵੱਤਾ ਦੀ ਨਿਗਰਾਨੀ ਕਰਨ ਵਾਲੇ ਦੋ ਸਟੇਸ਼ਨ ਹਨ: ਇੱਕ ਏਅਰਫੀਲਡ ਵਿੱਚ, ਮੌਜੂਦਾ ਉੱਤਰ-ਦੱਖਣੀ ਪਟੜੀ (ਰਨਵੇਅ) ਦੇ ਦੱਖਣ ਵਿੱਚ ਅਤੇ ਦੂਜਾ ਪੂਰਬ-ਪੱਛਮੀ ਪਟੜੀ (ਰਨਵੇਅ) ਦੇ ਪੂਰਬ ਵੱਲ 317-349 ਮਿਕਲਹੈਮ ਰੋਡ, ਵੈਸਟਮੀਡੋਜ਼ ਵਿਖੇ। ਅਸੀਂ ਨੇੜਲੇ ਭਾਈਚਾਰਿਆਂ ਵਿੱਚ ਹਵਾਈ ਜਹਾਜ਼ਾਂ ਦੇ ਸ਼ੋਰ ਦੀ ਨਿਗਰਾਨੀ ਕਰਨ ਲਈ ਏਅਰ ਸਰਵਿਸਜ਼ ਆਸਟ੍ਰੇਲੀਆ ਨਾਲ ਰਲ ਕੇ ਕੰਮ ਕਰਦੇ ਹਾਂ, ਅਤੇ ਵਰਤਮਾਨ ਸਮੇਂ ਅਸੀਂ ਸਾਨੂੰ ਪ੍ਰਾਪਤ ਹੋਏ ਪ੍ਰਤੀਕਰਮ ਦੇ ਹੁੰਗਾਰੇ ਵਜੋਂ ਸ਼ੋਰ ਦੀ ਨਿਗਰਾਨੀ ਵਿੱਚ ਵਾਧੇ ਵਾਸਤੇ ਵਿਕਲਪਾਂ ਦੀ ਪੜਚੋਲ ਕਰ ਰਹੇ ਹਾਂ।

ਤੁਹਾਡੇ ਖੇਤਰ ਵਿੱਚ ਹਵਾਈ ਜਹਾਜ਼ਾਂ ਦੇ ਸ਼ੋਰ ਅਤੇ ਪ੍ਰਸਤਾਵਿਤ ਉਡਾਣ ਦੇ ਰਸਤੇ (ਫਲਾਈਟ ਪਾਥ) ਵਿੱਚ ਤਬਦੀਲੀਆਂ ਬਾਰੇ ਹੋਰ ਜਾਣਕਾਰੀ ਲਈ, ਕਿਰਪਾ ਕਰਕੇ ਸਾਡੇ ਔਨਲਾਈਨ ਸ਼ੋਰ ਵਾਲੇ ਸਾਧਨ 'ਤੇ ਜਾਓ, ਜਿਸ ਦੀ ਵਰਚੁਅਲ ਵਿਜ਼ਟਰ ਸੈਂਟਰ ਰਾਹੀਂ ਪਹੁੰਚ ਕੀਤੀ ਜਾ ਸਕਦੀ ਹੈ **www.melbourneairport.com.au/runway**

ਹਵਾਈ ਜਹਾਜ਼ ਦੇ ਸ਼ੋਰ ਬਾਰੇ ਕੋਈ ਸ਼ਿਕਾਇਤ ਕਰਨ ਲਈ, ਕਿਰਪਾ ਕਰਕੇ ਇੱਥੇ ਜਾਓ **www.airservicesaustralia.com/community/environment/aircraft-noise**

